

ਸਰੀਰਕ ਮੌਤ ਤੋਂ ਮੈਂ ਨਹੀਂ ਡਰਦਾ,
ਜ਼ਮੀਰ ਦਾ ਮਰ ਜਾਣਾ ਯਕੀਨਨ ਮੌਤ ਹੈ।
-ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

# ਚੜ੍ਹਦੀ ਕਲਾ

# ਸੰਪਾਦਕੀ

## ਕੀ ਸਿੱਖ ਮੈਂਬਰ ਪਾਰਲੀਮੈਂਟ, ਭਵਿੱਖ ਦੀ ਨਿਊਕਲੀਅਰ ਜੰਗ ਵਿੱਚ ਦੋਹਾਂ ਪੰਜਾਬਾਂ ਦੀ ਤਬਾਹੀ ਦਾ ਮੁੱਢ ਬੰਨਣ ਵਾਲੀ ਅਮਰੀਕਾ-ਭਾਰਤ ਨੀਊਕਲੀਅਰ ਸੰਧੀ ਨੂੰ ਸਮਰਥਨ ਦੇਣ ਦੀ 'ਇਤਿਹਾਸਕ ਭੁੱਲ' ਕਰਨਗੇ ?

ਭਾਰਤ ਦੀ 543 ਮੈਂਬਰਾਂ ਵਾਲੀ ਲੋਕ ਸਭਾ ਵਿੱਚ, ਖੱਬੇ ਪੱਖੀ ਪਾਰਟੀਆਂ ਵਲੋਂ ਮਨਮੋਹਣ ਸਿੰਘ ਸਰਕਾਰ ਦੀ ਹਮਾਇਤ ਵਾਪਸ ਲੈਣ ਕਰਕੇ ਸਰਕਾਰ ਚਲਾ ਰਹੀ ਯੂ. ਪੀ. ਏ. ਕੋਲ ਇਸ ਵੇਲੇ ਸਿਰਫ 229 ਮੈਂਬਰ ਹਨ। ਮਨਮੋਹਣ ਸਿੰਘ ਦੀ ਅਮਰੀਕਾ-ਭਾਰਤ ਪ੍ਰਮਾਣੂ ਸੰਧੀ 'ਤੇ ਅੱਗੇ ਵਧਣ ਦੀ ਬੇਬਾਕ ਲਾਲਸਾ ਨੇ, ਖੱਬੇ ਪੱਖੀ ਪਾਰਟੀਆਂ ਨੂੰ ਇਨ੍ਹਾਂ ਬਦਜ਼ਨ ਕੀਤਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਦੀ ਜਪਾਨ ਤੋਂ ਵਾਪਸੀ ਦਾ ਇੰਤਜ਼ਾਰ ਵੀ ਨਹੀਂ ਕੀਤਾ ਅਤੇ ਸਰਕਾਰ ਤੋਂ ਸਮਰਥਨ ਵਾਪਸ ਲੈਣ ਦਾ ਫੈਸਲਾ ਸੁਣਾ ਦਿੱਤਾ। ਭਾਰਤੀ ਹਾਕਮ, ਨਿਊਕਲੀਅਰ ਸੰਧੀ ਨੂੰ ਇੰਟਰਨੈਸ਼ਨਲ ਐਟੋਮਿਕ ਐਨਰਜੀ ਏਜੰਸੀ ਕੋਲ ਲਿਜਾਣ ਤੋਂ ਪਹਿਲਾਂ ਪਾਰਲੀਮੈਂਟ ਵਿੱਚ 'ਪਾਸ' ਕਰਵਾਉਣਾ ਚਾਹੁੰਦੇ ਹਨ ਹਾਲਾਂਕਿ ਕਾਨੂੰਨਨ ਇਹ ਜ਼ਰੂਰੀ ਨਹੀਂ ਹੈ। ਪੈਸੇ ਤੇ ਅਹੁਦਿਆਂ ਦੀ ਘੋੜ-ਦੌੜ ਵਿੱਚ ਮਾਹਿਰ ਭਾਰਤੀ 'ਲੀਡਰਾਂ' ਨੇ ਆਪੋ ਆਪਣੇ ਭਾਅ ਲਿਖ ਕੇ ਗਲੇ ਵਿੱਚ ਤਖ਼ਤੀਆਂ ਲਟਕਾ ਲਈਆਂ ਹਨ। ਪਾਰਲੀਮੈਂਟ ਵਿੱਚ 39 ਮੈਂਬਰਾਂ ਵਾਲੀ ਮੁਲਾਇਮ ਸਿੰਘ ਯਾਦਵ ਦੀ ਸਮਾਜਵਾਦੀ ਪਾਰਟੀ ਨੇ, ਖੱਬੇ-ਪੱਖੀਆਂ ਨੂੰ 'ਖੁਦਾ ਹਾਫਿਜ਼' ਕਹਿ ਕੇ, ਸੋਨੀਆ ਗਾਂਧੀ ਦੇ ਜ਼ਰਜਰ ਜਹਾਜ਼ 'ਤੇ ਛਲਾਂਗ ਲਗਾਈ ਹੈ। ਮਾਇਆਵਤੀ ਖੁਸ਼ ਹੈ ਕਿ ਯੂ. ਪੀ. ਵਿੱਚ, (ਜਿਥੋਂ 80 ਐਮ. ਪੀ. ਚੁਣ ਕੇ ਆਉਂਦੇ ਹਨ) ਕਾਂਗਰਸ ਅਤੇ ਸਮਾਜਵਾਦੀਆਂ ਨੂੰ 'ਇਕੱਠਿਆਂ ਡੋਬਣਾ' ਸੌਖਾ ਹੋਵੇਗਾ ਜਦੋਂਕਿ ਇਹ ਦੋਵੇਂ ਪਾਰਟੀਆਂ ਸੋਚਦੀਆਂ ਹਨ ਕਿ ਇੱਕ-ਦੂਜੇ ਦਾ ਹੱਥ ਫੜ ਕੇ ਸ਼ਾਇਦ ਕਿਤੇ ਕੰਢੇ ਲੱਗ ਹੀ ਜਾਈਏ। ਹਿੰਦੂ ਮੂਲਵਾਦੀ ਅਡਵਾਨੀ ਵੀ ਗਜਾ ਕਰਦਿਆਂ, 'ਔਲੱਖ ਨਿਰੰਜਣ' ਕਹਿ ਕੇ ਮਾਇਆਵਤੀ ਦੇ ਦਰਾਂ ਮੂਹਰੇ ਗੇੜੇ ਲਾ ਰਿਹਾ ਹੈ। ਛੋਟੀਆਂ-ਛੋਟੀਆਂ ਪਾਰਟੀਆਂ ਅਤੇ ਆਜ਼ਾਦ ਮੈਂਬਰਾਂ ਦੀ ਹੁਣ ਪੂਰੀ 'ਚਾਂਦੀ' ਹੈ ਤੇ ਉਹ 'ਮੂੰਹੋਂ ਮੰਗੀਆਂ' ਮੁਰਾਦਾਂ ਪਾ ਰਹੇ ਹਨ।

ਸਧਾਰਨ ਜਿਹੇ ਲੇਖੇ-ਜੋਖੇ ਤੋਂ ਅੰਦਾਜ਼ਾ ਹੁੰਦਾ ਹੈ ਕਿ ਰਿਸ਼ਵਤ, ਅਹੁਦੇ, ਸੀ. ਬੀ. ਆਈ. ਇਨਕਵਾਰੀਆਂ ਤੋਂ ਛੁਟਕਾਰਾ ਜਾਂ ਕਰਵਾਉਣ ਦੀ ਧਮਕੀ ਆਦਿਕ ਹਥਿਆਰਾਂ ਦੀ ਵਰਤੋਂ ਨਾਲ ਸ਼ਾਇਦ ਮਨਮੋਹਣ ਸਿੰਘ ਸਰਕਾਰ ਪਾਰਲੀਮੈਂਟ ਵਿੱਚ ਭਰੋਸੇ ਦਾ ਮੱਤ (ਨਿਊਕਲੀਅਰ ਸੰਧੀ ਪਾਸ ਕਰਵਾ ਕੇ) ਜਿੱਤਣ ਵਿੱਚ ਸਫਲ ਹੋ ਜਾਏ। ਵੈਸੇ ਵੀ ਮਨਮੋਹਣ ਸਿੰਘ ਸਰਕਾਰ ਦਾ ਇੱਕ ਵਰ੍ਹਾ ਹੀ ਬਾਕੀ ਰਹਿੰਦਾ ਹੈ ਅਤੇ ਅਗਲੇ ਵਰ੍ਹੇ ਪਾਰਲੀਮੈਂਟ ਦੀਆਂ ਚੋਣਾਂ ਨਿਸ਼ਚਿਤ ਹਨ। ਜੇ ਅੰਤਮ ਮੌਕੇ ਦੀ ਸੌਦੇਬਾਜ਼ੀ ਵਿੱਚ ਅਡਵਾਨੀ ਐਂਡ ਕੰਪਨੀ ਕੋਈ ਰਾਮ-ਬਾਣ ਚਲਾਉਂਦੀ ਹੈ ਤਾਂ ਭਰੋਸਾ-ਵੋਟ ਲੈਣ ਵਿੱਚ ਅਸਫਲ ਹੋਣ ਦੀ ਸੂਰਤ ਵਿੱਚ, ਮੱਧਕਾਲੀ ਚੋਣਾਂ ਵੀ ਹੋ ਸਕਦੀਆਂ ਹਨ। ਵੈਸੇ ਸਾਰੀਆਂ ਹੀ ਪਾਰਟੀਆਂ ਨੇ ਚੋਣਾਂ ਦੀ ਤਿਆਰੀ ਆਰੰਭ ਦਿੱਤੀ ਹੈ।

ਇੱਕ ਅੰਦਾਜ਼ੇ ਮੁਤਾਬਿਕ ਇਸ ਵੇਲੇ ਲੋਕ ਸਭਾ ਤੇ ਰਾਜ ਸਭਾ ਵਿੱਚ, ਕੁੱਲ 20 ਦੇ ਕਰੀਬ ਸਿੱਖ ਮੈਂਬਰ ਪਾਰਲੀਮੈਂਟ ਹਨ। ਦਿੱਲੀ ਅਕਾਲੀ ਦਲ ਦੇ ਨੇਤਾ ਪਰਮਜੀਤ ਸਿੰਘ ਸਰਨਾ ਨੇ, ਸਰਕਾਰੀ-ਪਿੱਠੂ ਹੋਣ ਦਾ ਪੱਕਾ ਸਬੂਤ ਦਿੰਦਿਆਂ, ਸਾਰੇ ਸਿੱਖ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ 'ਦੇਸ਼' ਅਤੇ ਮਨਮੋਹਣ ਸਿੰਘ ਦੀ 'ਪੱਗ' ਦੇ ਹਿੱਤ ਵਿੱਚ, ਨਿਊਕਲੀਅਰ ਸੰਧੀ ਦੇ ਹੱਕ ਵਿੱਚ ਵੋਟ ਪਾਉਣ। ਮੀਡੀਆ ਰਿਪੋਰਟਾਂ ਅਨੁਸਾਰ ਅਕਾਲੀ ਦਲ ਬਾਦਲ ਦੀ ਜ਼ਿਆਦਾ ਸੰਭਾਵਨਾ ਬੀ. ਜੇ. ਪੀ. ਦੇ ਨਾਲ ਹੀ ਵੋਟ ਪਾਉਣ ਦੀ ਹੋਵੇਗੀ। ਇਸ ਸਬੰਧੀ ਸ. ਬਾਦਲ ਨੇ ਐਨ. ਡੀ. ਏ. ਦੇ ਹੱਕ 'ਚ ਖੜ੍ਹਨ ਦਾ ਬਿਆਨ ਵੀ ਦਾਗਿਆ ਹੈ। ਬੀ. ਜੇ. ਪੀ. 'ਸਿਧਾਂਤਕ' ਤੌਰ 'ਤੇ ਸੰਧੀ ਦੇ ਹੱਕ ਵਿੱਚ ਹੈ ਪਰ ਉਹ ਆਪਣੇ ਕਾਰਜਕਾਲ ਦੌਰਾਨ, ਇਸ ਨੂੰ 'ਕੁਝ ਸ਼ਰਤਾਂ ਨੂੰ ਕੱਢ ਕੇ' ਮੰਨਣ ਦੇ ਹਮਾਇਤੀ ਹਨ। ਭਾਵੇਂ ਬਾਦਲ ਦਲ ਦੇ ਮੈਂਬਰ ਜੇ ਸੰਧੀ ਦੇ ਵਿਰੁੱਧ ਭੁਗਤਣਗੇ ਤਾਂ ਇਸ ਲਈ ਨਹੀਂ ਕਿ ਉਨ੍ਹਾਂ ਨੂੰ ਇਹ ਸੰਧੀ ਸਿੱਖ ਕੌਮ ਜਾਂ ਸਿੱਖ ਹੋਮਲੈਂਡ - ਪੰਜਾਬ ਦੇ ਹਿਤਾਂ ਦੇ ਵਿਰੁੱਧ ਜਾਪਦੀ ਹੈ ਪਰ ਇਸ ਲਈ ਕਿ ਇਹ ਬੀ. ਜੇ. ਪੀ. ਦਾ ਸਟੈਂਡ ਹੈ।

ਅਕਾਲੀਆਂ ਲਈ ਇਹੋ ਜਿਹੀ ਸਥਿਤੀ ਹੀ ਗਿਆਨੀ ਜ਼ੈਲ ਸਿੰਘ ਵਲੋਂ ਰਾਸ਼ਟਰਪਤੀ ਦੇ ਉਮੀਦਵਾਰ ਵਜੋਂ 'ਚੋਣ' ਲੜਨ ਵੇਲੇ ਬਣੀ ਸੀ। ਉਦੋਂ ਇਹ ਦਲੀਲ ਦਿੱਤੀ ਗਈ ਸੀ ਕਿ ਪਹਿਲੀ ਵਾਰੀ ਕੋਈ ਸਿੱਖ ਰਾਸ਼ਟਰਪਤੀ ਬਣਨ ਲੱਗਾ ਹੈ ( ਭਾਵੇਂ ਕਾਂਗਰਸ ਵਲੋਂ ਹੀ ਸਹੀ) ਸੋ ਅਕਾਲੀਆਂ ਨੂੰ ਆਪਣੇ 'ਸਿੱਖ ਭਾਈ' ਦੀ ਮੱਦਦ ਕਰਨੀ ਚਾਹੀਦੀ ਹੈ। ਅਖੀਰ ਵਿੱਚ ਅਕਾਲੀਆਂ ਨੇ, ਭਾਵੁਕਤਾ ਵੱਸ ਹੁੰਦਿਆਂ, ਆਪੋਜ਼ੀਸ਼ਨ ਦਾ ਸਾਥ ਛੱਡ ਕੇ ਗਿਆਨੀ ਜ਼ੈਲ ਸਿੰਘ ਨੂੰ ਵੋਟਾਂ ਪਾਈਆਂ ਸਨ। ਇਸ ਜ਼ੈਲ ਸਿੰਘ ਦੀ 'ਪ੍ਰਧਾਨਗੀ' ਥੱਲੇ ਹੀ ਫੇਰ ਇੰਦਰਾ ਗਾਂਧੀ ਨੇ, ਸ੍ਰੀ ਅਕਾਲ ਤਖਤ ਸਾਹਿਬ ਨੂੰ ਟੈਂਕਾਂ-ਤੋਪਾਂ ਨਾਲ ਤਬਾਹ ਕਰਕੇ, ਸਿੱਖ ਨਸਲਕੁਸ਼ੀ ਦਾ ਦੌਰ ਬੰਨ੍ਹਿਆ ਸੀ। ਗਿਆਨੀ ਜ਼ੈਲ ਸਿੰਘ ਨੇ, ਭਾਰਤੀ ਫੌਜ ਦਾ ਕਮਾਂਡਰ-ਇਨ-ਚੀਫ਼ ਹੋਣ ਦੇ ਨਾਤੇ, ਰਾਸ਼ਟਰਪਤੀ ਭਵਨ ਵਿੱਚ ਇੱਕ ਚਕਾਚੌਂਧ ਭਰੇ ਸਮਾਗਮ ਵਿੱਚ, ਜੂਨ-1984 ਦੀ ਕਾਰਵਾਈ ਵਿੱਚ ਭਾਗ ਲੈਣ ਵਾਲੇ ਫੌਜੀਆਂ ਨੂੰ 'ਬਹਾਦਰੀ' ਦੇ ਤਗਮੇ ਦਿੱਤੇ ਸਨ।

ਇਉਂ ਜਾਪਦਾ ਹੈ ਕਿ ਇਤਿਹਾਸ ਮੁੜ ਦੋਹਰਾਇਆ ਜਾ ਸਕਦਾ ਹੈ। ਮਨਮੋਹਣ ਸਿੰਘ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬਣਿਆ ਰੱਖਣ ਲਈ 'ਸਿੱਖ ਭਾਵੁਕਤਾ' ਦਾ ਕਾਰਡ ਮੁੜ ਖੇਡਿਆ ਜਾ ਰਿਹਾ ਹੈ। ਇਸ ਸੰਧੀ ਦੇ 'ਸਮਰਥਨ' ਦੀ ਪ੍ਰੇਰਨਾ ਕਰਨ ਵਾਲੇ ਲੋਕ, ਇਹ ਭੁੱਲ ਰਹੇ ਹਨ ਕਿ ਇਹ ਸੰਧੀ ਅਸਲ ਵਿੱਚ, ਦੋਹਾਂ ਪੰਜਾਬਾਂ ਦੀ ਭਵਿੱਖ ਵਿੱਚ ਬਰਬਾਦੀ ਅਤੇ ਮੌਤ ਦਾ ਸਮਾਨ ਹੈ। ਇਹ ਕਲੰਕ ਭਾਰਤ ਦੇ ਮੱਥੇ 'ਤੇ ਹੀ ਲਗਦਾ ਹੈ ਕਿ ਉਸਨੇ ਮਈ 1998 ਵਿੱਚ ਨਿਊਕਲੀਅਰ ਧਮਾਕੇ ਕਰਕੇ ਪਾਕਿਸਤਾਨ ਨੂੰ ਉਕਸਾਇਆ, ਜਿਸਨੇ ਦੋ ਹਫਤੇ ਦੇ ਵਿੱਚ-ਵਿੱਚ ਜਵਾਬੀ ਨਿਊਕਲੀਅਰ ਧਮਾਕੇ ਕਰਕੇ ਭਾਰਤ ਵਾਂਗ ਹੀ 'ਨਿਊਕਲੀਅਰ ਸ਼ਕਤੀ' ਹੋਣ ਦਾ ਪ੍ਰਦਰਸ਼ਨ ਕੀਤਾ। ਭਾਰਤ ਨੇ ਇਹ ਕਰਤੂਤ ਪੰਡਤ ਵਾਜਪਾਈ ਦੇ ਪ੍ਰਧਾਨ ਮੰਤਰੀ ਕਾਰਜਕਾਲ ਦੌਰਾਨ ਕੀਤੀ। ਭਾਰਤੀਆਂ ਨੂੰ ਖੁਸ਼ੀ ਵਿੱਚ ਸੜ੍ਹਕਾਂ-ਗਲੀਆਂ ਵਿੱਚ ਨੱਚਦਿਆਂ ਵੇਖ ਕੇ ਵਿਦੇਸ਼ੀ ਮਾਹਿਰਾਂ ਨੇ ਪੁੱਛਿਆ ਕਿ ਕੀ ਇਹ ਮੂਰਖ ਲੋਕ ਜਾਣਦੇ ਹਨ ਕਿ ਉਹ ਆਪਣੀ ਤਬਾਹੀ ਨੂੰ ਸੱਦਾ ਦੇ ਰਹੇ ਹਨ? ਪਰ ਜਿਹਨਾਂ ਦੇ ਵਿਸ਼ਵਾਸਾਂ ਦਾ ਅਧਾਰ ਸ਼ਿਵ ਹੈ, ਜੋ ਸੰਸਾਰ ਨੂੰ ਤਬਾਹ ਕਰਕੇ (ਪਰਲਿਆ-ਕਿਆਮਤ) ਤਾਂਡਵ-ਨਾਚ ਨੱਚਦਾ ਹੈ, ਉਸਦੇ ਭਗਤ ਠੀਕ ਹੀ ਨਿਊਕਲੀਅਰ ਤਬਾਹੀ ਦਾ ਤਾਂਡਵ ਨਾਚ ਨੱਚ ਰਹੇ ਹਨ।

ਕੁਝ ਮਹੀਨੇ ਪਹਿਲਾਂ ਜਦੋਂ ਪ੍ਰਕਾਸ਼ ਸਿੰਘ ਬਾਦਲ ਨੂੰ ਪੁੱਛਿਆ ਗਿਆ ਸੀ ਕਿ ਉਸਦੇ ਨਿਊਕਲੀਅਰ ਸੰਧੀ ਸਬੰਧੀ ਕੀ ਵਿਚਾਰ ਹਨ ਤਾਂ ਉਸਨੇ ਜਵਾਬ ਵਿੱਚ ਕਿਹਾ ਸੀ - "ਨਾ ਅਸੀਂ ਇਸ ਸਬੰਧੀ ਨੂੰ ਪਾਸ ਹੋਣ ਤੋਂ ਰੋਕ ਸਕਦੇ ਹਾਂ ਅਤੇ ਨਾ ਹੀ ਅਸੀਂ ਇਸਨੂੰ ਪਾਸ ਕਰਵਾ ਸਕਣ ਦੀ ਸ਼ਕਤੀ ਰੱਖਦੇ ਹਾਂ।' ਪਰ ਇਉਂ ਜਾਪਦਾ ਹੈ ਕਿ ਬਾਦਲ, ਗਲਤ ਸਾਬਤ ਹੋ ਰਿਹਾ ਹੈ। ਬਾਦਲ ਅਕਾਲੀ ਦਲ ਦੇ ਲੋਕ ਸਭਾ ਵਿੱਚ 8 ਮੈਂਬਰ ਹਨ। ਇਸ ਵੇਲੇ ਮਨਮੋਹਣ ਸਿੰਘ ਸਰਕਾਰ ਇੱਕ-ਇੱਕ ਮੈਂਬਰ ਦੀ ਕੀਮਤ ਅਦਾ ਕਰ ਰਹੀ ਹੈ। ਇਨ੍ਹਾਂ 8 ਮੈਂਬਰਾਂ (ਅਤੇ ਫੇਰ ਰਾਜ ਸਭਾ ਵਿੱਚ ਵੀ ਜੇ ਇਹ ਪੇਸ਼ ਕੀਤਾ ਜਾਂਦਾ ਹੈ - ਜਿੱਥੇ 10 ਦੇ ਕਰੀਬ ਸਿੱਖ ਮੈਂਬਰ ਅੱਡ - ਅੱਡ ਪਾਰਟੀਆਂ ਦੇ ਹਨ) ਦੀ ਹਮਾਇਤ ਜਾਂ ਵਿਰੋਧ ਸਮੁੱਚੇ ਪ੍ਰਸੰਗ ਵਿੱਚ ਕਾਫੀ ਵਜ਼ਨਦਾਰ ਰੋਲ ਅਦਾ ਕਰਦਾ ਹੈ।

ਅਸੀਂ ਸਮਝਦੇ ਹਾਂ ਕਿ ਬਾਦਲ ਅਕਾਲੀ ਦਲ ਨੂੰ, ਨਾ ਹੀ ਬੀਜੇਪੀ ਦੇ 'ਪਿਛਲੱਗ' ਵਾਲੀ ਪੁਜ਼ੀਸ਼ਨ ਲੈਣੀ ਚਾਹੀਦੀ ਹੈ ਅਤੇ ਨਾ ਹੀ ਕਾਂਗਰਸ ਦੇ 'ਭਾਵਨਾਤਮਕ ਬਲੈਕਮੇਲ' ਦਾ ਸ਼ਿਕਾਰ ਹੋਣਾ ਚਾਹੀਦਾ ਹੈ। ਅਕਾਲੀ ਦਲ ਦਾ ਸਪੱਸ਼ਟ ਸਟੈਂਡ, 26 ਮਿਲੀਅਨ ਸਿੱਖ ਕੌਮ ਦੇ ਹਿੱਤਾਂ, ਹੱਕਾਂ, ਦੀ ਤਰਜ਼ਮਾਨੀ ਵਾਲਾ ਇਹ ਹੋਣਾ ਚਾਹੀਦਾ ਹੈ ਕਿ ਉਹ 'ਨਿਊਕਲੀਅਰ ਮੁਕਤ' ਸਾਊਥ ਏਸ਼ੀਆ ਦੇ ਹੱਕ ਵਿੱਚ ਹਨ ਅਤੇ ਭਾਰਤ-ਪਾਕਿਸਤਾਨ ਦੋਹਾਂ ਦੇਸ਼ਾਂ ਦੇ ਨਿਊਕਲੀਅਰ ਪ੍ਰੋਗਰਾਮਾਂ ਨੂੰ ਬੰਦ ਕਰਵਾਉਣ ਦੀ ਵਕਾਲਤ ਕਰਦੇ ਹਨ। ਜਦੋਂ ਤੱਕ ਭਾਰਤ ਅਤੇ ਪਾਕਿਸਤਾਨ ਦੋਵੇਂ ਦੇਸ਼ 'ਨਿਊਕਲੀਅਰ ਨਿਸ਼ੇਧ ਸੰਧੀ' (ਸੀ. ਟੀ. ਬੀ. ਟੀ.) 'ਤੇ ਦਸਤਖਤ ਨਹੀਂ ਕਰਦੇ ਉਦੋਂ ਤੱਕ ਇਹਨਾਂ ਨਾਲ ਕੋਈ ਨਿਊਕਲੀਅਰ ਟਰੇਡ ਨਾ ਕੀਤਾ ਜਾਵੇ। ਇਹ ਕਿਸੇ ਦੇਸ਼ ਦੀ ਵਿਰੋਧਤਾ ਜਾਂ ਸਮਰਥਨ ਦਾ ਸਵਾਲ ਨਹੀਂ ਹੈ ਬਲਕਿ ਸਿੱਖ ਹੋਮਲੈਂਡ, ਦੋਹਾਂ ਪੰਜਾਬਾਂ ਵਿੱਚ ਖਿੱਲਰੇ ਸਾਡੇ ਇਤਿਹਾਸਕ ਵਿਰਸੇ ਅਤੇ ਵਾਹਗਾ ਤੋਂ ਜਮਨਾ ਤੱਕ ਸਿੱਖ ਸੱਭਿਆਚਾਰ ਦੇ 'ਬਚਾਅ' ਲਈ ਅਤਿ ਜ਼ਰੂਰੀ ਹੈ। ਅਮਰੀਕਾ ਵਲੋਂ ਜੋ ਵੀ ਸਹੂਲਤਾਂ (ਇਸ ਸੰਧੀ ਤਹਿਤ) ਭਾਰਤ ਨੂੰ ਦਿੱਤੀਆਂ ਜਾਣਗੀਆਂ, ਪਾਕਿਸਤਾਨ ਉਹੋ ਕੁਝ ਚੀਨ ਨਾਲ ਸਮਝੌਤਾ ਕਰਕੇ ਲੈ ਲਵੇਗਾ। ਭਵਿੱਖ ਵਿੱਚ ਭਾਰਤ ਤੇ ਪਾਕਿਸਤਾਨ ਵਿਚਲਾ ਕੋਈ ਵੀ ਟਕਰਾਅ ਰਵਾਇਤੀ ਹਥਿਆਰਾਂ ਵਾਲਾ ਨਾ ਹੋ ਕੇ ਨਿਊਕਲੀਅਰ ਹਥਿਆਰਾਂ ਵਾਲਾ ਹੋਵੇਗਾ - ਜਿਸ ਵਿੱਚ ਸਿੱਖ ਹੋਮਲੈਂਡ ਹੀ ਰਣਭੂਮੀ ਬਣੇਗਾ।

ਕੀ ਕੋਈ ਕੌਮ ਆਪਣੀ 'ਹੋਂਦ' ਦੀ ਹੀ ਤਬਾਹੀ ਦੇ ਏਜੰਡੇ ਤੇ ਸਹੀ ਪਾ ਸਕਦੀ ਹੈ? ਸਿੱਖ ਕੌਮ ਦੇ ਨੁਮਾਇੰਦੇ ਤਬਾਹੀ 'ਤੇ ਸਹੀ ਪਾਉਣ ਦੀ ਮੂਰਖਾਨਾ ਕਾਰਵਾਈ ਉਵੇਂ ਹੀ ਕਰ ਸਕਦੇ ਹਨ ਜਿਵੇਂ ਕਿ 1947 ਦੇ ਦੌਰ ਵਿੱਚ, ਹਿੰਦੂਆਂ-ਮੁਸਲਮਾਨਾਂ ਦੇ ਵਿਚਕਾਰ ਤੀਸਰੀ ਇਕਾਈ ਦਾ ਰੋਲ ਤਿਆਗ ਕੇ, ਹਿੰਦੂਆਂ ਦੇ ਜਹਾਜ਼ 'ਤੇ ਚੜ੍ਹ ਬੈਠੇ ਸਨ, ਜਿਸਦਾ ਖਮਿਆਜ਼ਾ ਪਿਛਲੇ 60 ਸਾਲਾਂ ਤੋਂ ਹਿੰਦੂ ਭਾਰਤ ਦੀਆਂ ਗੁਲਾਮੀ ਦੀਆਂ ਜ਼ੰਜ਼ੀਰਾਂ ਵਿੱਚ ਨੂੜੀ ਹੋਈ ਸਿੱਖ ਕੌਮ ਭੁਗਤ ਰਹੀ ਹੈ।

ਵੈਸੇ ਜੇ ਪਾਰਲੀਮੈਂਟ ਵਿੱਚ ਇਹ ਸੰਧੀ ਪਾਸ ਹੋ ਵੀ ਜਾਂਦੀ ਹੈ ਤਾਂ ਜ਼ਰੂਰੀ ਨਹੀਂ ਕਿ ਇਹ ਅਗਲੀਆਂ ਤਿੰਨ ਰੁਕਾਵਟਾਂ 'ਇੰਟਰਨੈਸ਼ਨਲ ਐਟੋਮਿਕ ਐਨਰਜੀ ਏਜੰਸੀ, ਨਿਊਕਲੀਅਰ ਸਪਲਾਇਰਜ਼ ਗਰੁੱਪ (ਜਿਸਦੇ 45 ਮੈਂਬਰਾਂ 'ਚੋਂ ਹਰ ਦੇਸ਼ ਦੀ ਹਮਾਇਤ ਜ਼ਰੂਰੀ ਹੈ) ਅਤੇ ਅਮਰੀਕਨ ਕਾਂਗਰਸ ਵਿੱਚ ਪਾਸ ਹੋਣਾ', ਬੁਸ਼ ਐਡਮਨਿਸਟਰੇਸ਼ਨ ਦੇ ਦੌਰਾਨ ਪਾਰ ਕਰ ਸਕੇ। ਪਿਛਲੇ ਦਿਨੀਂ ਅਮਰੀਕਾ ਦੇ ਪ੍ਰਸਿੱਧ ਅਖਬਾਰ ਨਿਊਯਾਰਕ ਟਾਈਮਜ਼ ਨੇ ਇਸ ਸੰਧੀ ਦੇ ਖਿਲਾਫ ਬੜਾ ਜ਼ੋਰਦਾਰ ਐਡੀਟੋਰੀਅਲ ਲਿਖਿਆ ਸੀ। ਇਸੇ ਤਰ੍ਹਾਂ ਭਾਵੇਂ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਦੀ ਚੀਨ ਦੇ ਪ੍ਰਧਾਨ ਨਾਲ ਮੁਲਾਕਾਤ ਤੋਂ ਬਾਅਦ, ਭਾਰਤੀ ਮੀਡੀਏ ਵਲੋਂ ਦਾਅਵਾ ਕੀਤਾ ਗਿਆ ਹੈ ਕਿ ਚੀਨ, ਨਿਊਕਲੀਅਰ ਮੁੱਦੇ 'ਤੇ ਭਾਰਤ ਦੀ ਹਮਾਇਤ ਕਰੇਗਾ ਪਰ ਹਕੀਕਤ ਇਹ ਹੈ ਕਿ ਚੀਨ ਨੇ ਇਸ ਸਬੰਧੀ ਆਪਣਾ 'ਕਾਰਡ' ਅਜੇ ਛਾਤੀ ਨਾਲ ਘੁੱਟ ਕੇ ਰੱਖਿਆ ਹੋਇਆ ਹੈ। ਚੀਨ ਨੂੰ ਕੋਈ ਵੀ ਪ੍ਰਤੀਕ੍ਰਿਆ ਦੇਣ ਦੀ ਕੀ ਲੋੜ ਹੈ? (ਖਾਸ ਕਰਕੇ ਬੀਜਿੰਗ ਉਲੰਪਿਕਸ ਦੇ ਮੱਦੇਨਜ਼ਰ), ਉਹ ਵੀ ਜੇ ਇਸ ਸੰਧੀ ਦੀ ਕਬਰ, ਭਾਰਤ ਵਿੱਚ ਹੀ ਖੋਦੀ ਜਾਂਦੀ ਹੈ।

ਸਿੱਖ ਨੁਕਤਾਨਿਗਾਹ ਤੋਂ ਵੇਖਦਿਆਂ ਅਮਰੀਕਾ-ਭਾਰਤ ਨਿਊਕਲੀਅਰ ਸੰਧੀ ਸਾਊਥ ਏਸ਼ੀਆ, ਵਿਸ਼ੇਸ਼ਕਰ ਸਿੱਖ ਹੋਮਲੈਂਡ ਦੀ ਤਬਾਹੀ ਦਾ ਮੁੱਢ ਬੰਨ੍ਹਦੀ ਹੈ, ਇਸ ਦਾ ਨਕਾਰਿਆ ਜਾਣਾ ਹੀ ਸਾਡੇ ਹਿੱਤ ਵਿੱਚ ਹੈ।